## ਸਾਨੂੰ ਮੁਫ਼ਤ ਕਾਲ ਕਰੋ

## 0800 144 8 444

ਸਲਾਹਕਾਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ ਸ਼ਾਮ 6 ਵਜੇ ਤਕ ਉਪਲਬਧ ਹੁੰਦੇ ਹਨ।

## ਸਾਡੇ ਨਾਲ ਆਨਲਾਈਨ ਚੈਟ ਕਰੋ

**citizensadvice.org.uk/helptoclaim**

ਚੈਟ ਆਮ ਤੌਰ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ ਸ਼ਾਮ 6 ਵਜੇ ਤਕ ਉਪਲਬਧ ਹੁੰਦੀ ਹੈ। ਜੇ ਕੋਈ ਸਲਾਹਕਾਰ ਉਪਲਬਧ ਨਹੀਂ ਹੈ, ਤਾਂ ਚੈਟ ਬਾਕਸ ਦਿਖਾਈ ਨਹੀਂ ਦੇਵੇਗਾ।

ਚੈਟ ਰਾਹੀਂ ਤੁਸੀਂ ਆਪਣੀ ਯੂਨੀਵਰਸਲ ਕ੍ਰੈਡਿਟ ਅਰਜ਼ੀ ਪ੍ਰਕਿਰਿਆ ਬਾਰੇ ਕਿਸੇ ਸਿਖਲਾਈ ਪ੍ਰਾਪਤ ਸਲਾਹਕਾਰ ਨਾਲ ਆਨਲਾਈਨ ਗੱਲ ਕਰ ਸਕਦੇ ਹੋ - ਉਸੇ ਤਰ੍ਹਾਂ ਜਿਸ ਤਰ੍ਹਾਂ ਤੁਸੀਂ ਫੋਨ 'ਤੇ ਜਾਂ ਆਹਮੋ-ਸਾਹਮਣੇ ਕਰਦੇ ਹੋ।

## ਸਾਡੇ ਨਾਲ ਆਹਮੋ-ਸਾਹਮਣੇ ਗੱਲ ਕਰੋ

ਹੈਲਪ ਟੂ ਕਲੇਮ, ਸਥਾਨਕ Citizens Advice ਦਫਤਰਾਂ, ਅਤੇ ਲਾਇਬ੍ਰੇਰੀਆਂ ਅਤੇ ਜੌਬਸੈਂਟਰਾਂ ਵਰਗੀਆਂ ਹੋਰ ਥਾਂਵਾਂ 'ਤੇ ਆਹਮੋ- ਸਾਹਮਣੇ ਦੀ ਸੇਵਾ ਦੇ ਰੂਪ ਵਿੱਚ ਉਪਲਬਧ ਹੈ।

ਆਪਣੀ ਨੇੜਲੀ ਆਹਮੋ-ਸਾਹਮਣੇ ਸੇਵਾ ਦੇ ਵੇਰਵੇ ਸਾਡੀ ਵੈੱਬਸਾਈਟ 'ਤੇ ਲੱਭੋ:
**citizensadvice.org.uk/helptoclaim**

## ਸਾਡੀ ਆਨਲਾਈਨ ਸਲਾਹ ਪੜ੍ਹੋ

**citizesadvice.org.uk/helptoclaim**

ਯੂਨੀਵਰਸਲ ਕ੍ਰੈਡਿਟ ਲਈ ਅਰਜ਼ੀ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ 'ਤੇ ਜਾਓ। ਇਸ ਵਿੱਚ ਇਹ ਪਤਾ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਸ਼ਾਮਲ ਹੈ ਕਿ ਤੁਸੀਂ ਯੂਨੀਵਰਸਲ ਕ੍ਰੈਡਿਟ ਲਈ ਯੋਗ ਹੋ ਜਾਂ ਨਹੀਂ ਅਤੇ ਇਹ ਵਿਆਖਿਆ ਕੀਤੀ ਗਈ ਹੈ ਕਿ ਅਰਜ਼ੀ ਪ੍ਰਕਿਰਿਆ ਦੇ ਹਰੇਕ ਪੜਾਅ 'ਤੇ ਕੀ ਸ਼ਾਮਲ ਹੁੰਦਾ ਹੈ।

## ਚੰਗੀ ਕੁਆਲਿਟੀ, ਸੁਤੰਤਰ ਸਲਾਹ। 80 ਸਾਲਾਂ ਤੱਕ ਹਰੇਕ ਲਈ।

ਅਸੀਂ ਲੋਕਾਂ ਨੂੰ ਉਹ ਗਿਆਨ ਅਤੇ ਆਤਮ-ਵਿਸ਼ਵਾਸ ਦਿੰਦੇ ਹਾਂ ਜਿਸਦੀ ਉਹਨਾਂ ਨੂੰ ਅੱਗੇ ਵਧਣ ਲਈ ਰਾਹ ਲੱਭਣ ਲਈ ਲੋੜ ਹੁੰਦੀ ਹੈ - ਭਾਵੇਂ ਉਹ ਕੋਈ ਵੀ ਹੋਣ, ਅਤੇ ਉਹਨਾਂ ਦੀ ਸਮੱਸਿਆ ਕੋਈ ਵੀ ਹੋਵੇ।

ਸਾਡਾ ਚੈਰਿਟੀਆਂ ਦਾ ਨੈੱਟਵਰਕ ਆਨਲਾਈਨ, ਫੋਨ 'ਤੇ, ਅਤੇ ਵਿਅਕਤੀਗਤ ਰੂਪ ਵਿੱਚ, ਮੁਫ਼ਤ ਵਿੱਚ ਗੁਪਤ ਸਲਾਹ ਦਿੰਦਾ ਹੈ।

ਸਹੀ ਸਬੂਤ ਦੇ ਨਾਲ, ਅਸੀਂ ਕੰਪਨੀਆਂ ਅਤੇ ਸਰਕਾਰ ਨੂੰ ਦਿਖਾਉਂਦੇ ਹਾਂ ਕਿ ਉਹ ਲੋਕਾਂ ਲਈ ਚੀਜ਼ਾਂ ਨੂੰ ਕਿਵੇਂ ਬਿਹਤਰ ਬਣਾ ਸਕਦੇ ਹਨ।

**citizensadvice.org.uk**

© Citizens Advice ਅਪ੍ਰੈਲ 2019

Citizens Advice, ਨੈਸ਼ਨਲ ਐਸੋਸਿਏਸ਼ਨ ਆਫ Citizens Advice ਬਿਊਰੋਕਸ ਦਾ ਇੱਕ ਕੰਮਕਾਜੀ ਨਾਮ ਹੈ। ਰਜਿਸਟਰਡ ਚੈਰਿਟੀ ਨੰਬਰ 279057.

citizens advice

# ਯੂਨੀਵਰਸਲ ਕ੍ਰੈਡਿਟ ਲਈ ਅਰਜ਼ੀ ਦੇਣ ਵਿੱਚ ਸਹਾਇਤਾ ਪ੍ਰਾਪਤ ਕਰੋ



**ਹੈਲਪ ਟੂ ਕਲੇਮ** Citizens Advice ਦੀ ਇੱਕ ਸਮਰਪਿਤ ਸੇਵਾ ਹੈ।

ਇਹ ਮੁਫ਼ਤ, ਸੁਤੰਤਰ, ਗੁਪਤ ਅਤੇ ਨਿਰਪੱਖ ਹੈ।

ਹੈਲਪ ਟੂ ਕਲੇਮ, Citizens Advice ਦੀ ਇੱਕ ਨਵੀਂ ਸਮਰਪਿਤ ਸੇਵਾ ਹੈ।

ਸਾਡੇ ਸਿਖਲਾਈ ਪ੍ਰਾਪਤ ਸਲਾਹਕਾਰ, ਤੁਹਾਡੇ ਯੂਨੀਵਰਸਲ ਕ੍ਰੈਡਿਟ ਦਾਅਵੇ ਦੇ ਅਰੰਭਿਕ ਪੜਾਵਾਂ ਵਿੱਚ ਸਹਾਇਤਾ ਕਰ ਸਕਦੇ ਹਨ, ਅਰਜ਼ੀ ਤੋਂ ਲੈ ਤੁਹਾਡੇ ਪਹਿਲੇ ਪੂਰੇ ਭੁਗਤਾਨ ਤੱਕ।

ਇਹ ਮੁਫ਼ਤ, ਸੁਤੰਤਰ, ਗੁਪਤ ਅਤੇ ਨਿਰਪੱਖ ਹੈ।

ਤੁਸੀਂ ਸਾਡੇ ਸਲਾਹਕਾਰਾਂ ਨਾਲ ਫੋਨ ਰਾਹੀਂ, ਆਨਲਾਈਨ ਚੈਟ ਰਾਹੀਂ ਜਾਂ ਫਿਰ ਆਹਮੋ-ਸਾਹਮਣੇ ਦਾ ਸੰਪਰਕ ਕਰ ਸਕਦੇ ਹੋ।



## ਯੂਨੀਵਰਸਲ ਕ੍ਰੈਡਿਟ ਕੀ ਹੈ?

ਯੂਨੀਵਰਸਲ ਕ੍ਰੈਡਿਟ ਇੱਕ ਬੈਨਿਫਿਟ ਹੈ ਜੋ ਤੁਹਾਡੇ ਰੋਜ਼ਾਨਾ ਰਹਿਣ-ਸਹਿਣ ਦੇ ਖਰਚਿਆਂ ਵਿੱਚ ਸਹਾਇਤਾ ਕਰ ਸਕਦਾ ਹੈ।

ਤੁਸੀਂ ਇਹ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ ਜੇ ਤੁਸੀਂ ਕੰਮ ਨਹੀਂ ਕਰ ਰਹੇ ਹੋ ਜਾਂ ਤੁਹਾਡੀ ਆਮਦਨੀ ਘੱਟ ਹੈ।

ਇਹ ਹੌਲੀ-ਹੌਲੀ 6 ਹੋਰ ਬੈਨਿਫਿਟਾਂ ਦੀ ਥਾਂ ਲੈ ਰਿਹਾ ਹੈ:

- ਹਾਉਸਿੰਗ ਬੈਨਿਫਿਟ
- ਆਮਦਨੀ ਨਾਲ ਸੰਬੰਧਿਤ ਇੰਪਲੋਇਮੈਂਟ ਐਂਡ ਸਪੋਰਟ ਅਲਾਉਂਸ (ESA)
- ਇਨਕਮ ਬੇਸਡ ਜੌਬਸੀਕਰਜ਼ ਅਲਾਉਂਸ (JSA)
- ਚਾਈਲਡ ਟੈਕਸ ਕ੍ਰੈਡਿਟ
- ਵਰਕਿੰਗ ਟੈਕਸ ਕ੍ਰੈਡਿਟ (WTC)
- ਇਨਕਮ ਸਪੋਰਟ

ਤੁਸੀਂ ਆਮ ਤੌਰ ‘ਤੇ ਯੂਨੀਵਰਸਲ ਕ੍ਰੈਡਿਟ ਅਤੇ ਇਹਨਾਂ ਵਿੱਚੋਂ ਕਿਸੇ ਵੀ ਬੈਨਿਫਿਟ ਦਾ ਇੱਕੋ ਸਮੇਂ ‘ਤੇ ਦਾਅਵਾ ਨਹੀਂ ਕਰ ਸਕਦੇ ਹੋ।

ਜੇ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਬੈਨਿਫਿਟ ਦਾ ਦਾਅਵਾ ਕਰ ਰਹੇ ਹੋ, ਤਾਂ ਤੁਸੀਂ ਇਸ ਸਮੇਂ ਉਹਨਾਂ ‘ਤੇ ਬਣੇ ਰਹਿ ਸਕਦੇ ਹੋ - ਜਦੋਂ ਤੱਕ ਤੁਹਾਡੇ ਹਾਲਾਤ ਨਹੀਂ ਬਦਲਦੇ ਹਨ। ਉਦਾਹਰਨ ਲਈ, ਤੁਸੀਂ ਕਿਸੇ ਵੱਖਰੇ ਕਾਉਂਸਿਲ ਖੇਤਰ ਵਿੱਚ ਚਲੇ ਗਏ ਹੋ।

ਤੁਸੀਂ ਸਾਡੀ ਵੈੱਬਸਾਈਟ ‘ਤੇ ਯੂਨੀਵਰਸਲ ਕ੍ਰੈਡਿਟ ਅਤੇ ਇਸਦੇ ਲਈ ਕੌਣ ਯੋਗ ਹੈ, ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਵਿੱਚ ਇਹ ਪਤਾ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਸ਼ਾਮਲ ਹੈ ਕਿ ਤੁਸੀਂ ਯੂਨੀਵਰਸਲ ਕ੍ਰੈਡਿਟ ਲਈ ਯੋਗ ਹੋ ਜਾਂ ਨਹੀਂ ਅਤੇ ਇਹ ਵਿਆਖਿਆ ਕੀਤੀ ਗਈ ਹੈ ਕਿ ਅਰਜ਼ੀ ਪ੍ਰਕਿਰਿਆ ਦੇ ਹਰੇਕ ਪੜਾਅ ‘ਤੇ ਕੀ ਸ਼ਾਮਲ ਹੁੰਦਾ ਹੈ।

ਇਸ ਵੈੱਬਸਾਈਟ ‘ਤੇ ਜਾਓ:
**citizensadvice.org.uk/universalcredit**

## ਯੂਨੀਵਰਸਲ ਕ੍ਰੈਡਿਟ ਲਈ ਅਰਜ਼ੀ ਦੇਣੀ

ਤੁਸੀਂ ਯੂਨੀਵਰਸਲ ਕ੍ਰੈਡਿਟ ਲਈ ਆਨਲਾਈਨ ਜਾਂ - ਕੁਝ ਸੀਮਤ ਹਾਲਾਤ ਵਿੱਚ - ਫੋਨ ਦੁਆਰਾ ਜਾਂ ਘਰ ਵਿੱਚ ਅਰਜ਼ੀ ਦੇ ਸਕਦੇ ਹੋ। ਅਸੀਂ ਅਰਜ਼ੀ ਪ੍ਰਕਿਰਿਆ ਦੇ ਕਿਸੇ ਵੀ ਹਿੱਸੇ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

ਜੇ ਤੁਹਾਨੂੰ ਆਪਣੀ ਯੂਨੀਵਰਸਲ ਕ੍ਰੈਡਿਟ ਐਪਲੀਕੇਸ਼ਨ ਨੂੰ ਸ਼ੁਰੂ ਕਰਨ ਵਿਚ ਸਹਾਇਤਾ ਦੀ ਲੋੜ ਹੈ, ਤਾਂ ਸਭ ਤੋਂ ਬਿਹਤਰ ਹੈ ਕਿ ਜੇ ਹੋ ਸਕੇ ਤਾਂ ਤੁਸੀਂ ਆਪਣੀ ਲੋੜ ਦੇ ਸਾਰੇ ਵੇਰਵੇ ਪਹਿਲਾਂ ਹੀ ਇਕੱਠੇ ਕਰ ਲਵੋ। ਇਸ ਨਾਲ ਤੁਹਾਡਾ ਸਮਾਂ ਬਚੇਗਾ ਅਤੇ ਤੁਹਾਡੇ ਲਈ ਅਰਜ਼ੀ ਦੇਣਾ ਆਸਾਨ ਹੋ ਜਾਵੇਗਾ।

ਅਰਜ਼ੀ ਸ਼ੁਰੂ ਕਰਨ ਲਈ ਤੁਹਾਨੂੰ ਆਪਣੇ ਹੇਠਾਂ ਦਿੱਤੇ ਵੇਰਵਿਆਂ ਦੀ ਲੋੜ ਪਵੇਗੀ:

- ਨੈਸ਼ਨਲ ਇਨਸ਼ੋਰੈਂਸ ਨੰਬਰ
- ਰਿਹਾਇਸ਼
- ਆਮਦਨੀ ਅਤੇ ਬਚਤਾਂ
- ਬੱਚਿਆਂ ਦੀ ਦੇਖਭਾਲ ਦੀ ਸਥਿਤੀ
- ਹੋਰ ਬੈਨਿਫਿਟ, ਜੇ ਤੁਹਾਨੂੰ ਕੋਈ ਮਿਲਦਾ ਹੈ

ਤੁਹਾਨੂੰ ਆਪਣੇ ਦਾਅਵੇ ਦੇ ਹਰ ਪੜਾਅ ‘ਤੇ ਕਿਸ ਚੀਜ਼ ਦੀ ਲੋੜ ਪਵੇਗੀ, ਇਸ ਬਾਰੇ ਹੋਰ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ **citizensadvice.org.uk/startingyourclaim** ‘ਤੇ ਮਿਲ ਸਕਦੀ ਹੈ।